# ਮੈਂ ਵਾਰੇ ਜਾਵਾਂ ਸਾਹਿਬ ਜਿਹਨਾ ਦੀਆ ਮੰਨੇ

ਸ਼ੇਅਰ: ਹਰ ਇਕ ਦੀ ਨੇੜੇ ਹੋ ਸੁਣਦਾ, ਐਸੀ ਦਾਤਾ ਖੇਡ ਰਚਾਈ ਹੋਈ ਏ ।
ੳ ਜਿੰਨੀ ਕਰੀਏ ਓਨੀ ਹੀ ਥੋੜੀ,ਮੇਰੇ ਸਾਹਿਬ ਦੀ ਵਡਿਆਈ ਏ ॥

ਮੈਂ ਵਾਰੇ ਜਾਵਾਂ ਸਾਹਿਬ ਜਿਹਨਾ ਦੀਆ ਮੰਨੇ ,

ਜਾਟ ਧੰਨਾ ਓਹਨੂੰ ਦਿਲੋਂ ਪੁਕਾਰੇ, ਆਪੇ ਧੰਨੇ ਦੇ ਡੰਗਰ ਚਾਰੇ ।
ਨਾਲੇ ਚੂਪੇ ਗੰਨੇ, ਮੈਂ ਵਾਰੇ ਜਾਵਾਂ ਸਾਹਿਬ ਜਿਹਨਾ ਦੀਆ ਮੰਨੇ ॥

ਕੌਣ ਮਾਰੇ ਜੇਹਨੂੰ ਆਪ ਬਚਾਵੇ, ਰੂਪ ਕੀੜੀ ਦਾ ਧਾਰ ਕੇ ਆਵੇ ।
ਮਾਣ ਪਾਪੀ ਦਾ ਭੰਨੇ, ਮੈਂ ਵਾਰੇ ਜਾਵਾਂ ਸਾਹਿਬ ਜਿਹਨਾ ਦੀਆ ਮੰਨੇ॥

ਲਖ ਚੌਰਾਸੀ ਜੂਨ ਬਣਾਈ, ਸਭ ਵਿਚ ਆਪਣੀ ਜੋਜਤ ਜਗਾਈ ।
ਫਿਰ ਵੀ ਵੰਨ ਸੁਵੰਨੇ, ਮੈਂ ਵਾਰੇ ਜਾਵਾਂ ਸਾਹਿਬ ਜਿਹਨਾ ਦੀਆ ਮੰਨੇ ॥

ਬੂੜੇ ਤੋ ਬਾਬਾ ਬੁਢ਼ਾ ਜੀ ਬਣਾਇਆ,ਛੇ ਪਾਤ੍ਸ਼ਾਹਿਆ ਤਕ ਮਾਣ ਦੁਆਇਆ ।
ਮਾਤਾ ਗੰਗਾ ਲੈ ਗਈ ਝੋਲੀਆ ਭਰਕੇ,ਪੁੱਤਰ ਲਿਆ ਸੀ ਸੇਵਾ ਕਰਕੇ ।
ਜਦ ਸੀ ਗੰਢੇ ਭੰਨੇ,ਮੈਂ ਵਾਰੇ ਜਾਵਾਂ ਸਾਹਿਬ ਜਿਹਨਾ ਦੀਆ ਮੰਨੇ ॥

ਰਜਨੀ ਦੇ ਸੁੱਤੇ ਹੋਏ ਭਾਗ ਜਗਾਏ, ਕਾਗਾ ਤੋ ਸੀ ਹੰਸ ਬਣਾਏ ।
ਹੀਰਾ ਵੀ ਲਾ ਦਿਓ ਬੰਨੇ, ਮੈਂ ਵਾਰੇ ਜਾਵਾਂ ਸਾਹਿਬ ਜਿਹਨਾ ਦੀਆ ਮੰਨੇ ॥

https://bhajanganga.com/bhajan/lyrics/id/1231/title/main-vare-java-sahab-jina-diya-mane

अपने Android मोबाइल पर BhajanGanga App डाउनलोड करें और भजनों का आनंद ले |